بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 23.02.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## "ਅੱਜ ਤੱਕ ਅਜਿਹੀ ਢੁਕੱਵੀਂ ਵਾਰਤਾਲਾਪ ਅਤੇ ਦਲੀਲਾਂ ਭਰਪੂਰ ਭਾਸ਼ਣ ਕਿਸੇ ਦੇ ਮੂੰਹੋਂ ਨਹੀਂ ਸੁਣਿਆ ਇਉਂ ਮਾਲੂਮ ਹੁੰਦਾ ਹੈ ਕਿ ਤੁਹਾਡਾ ਖ਼ਲੀਫ਼ਾ ਬਹੁਤ ਵਡੱਾ ਸਕਾਲਰ ਅਤੇ ਵਿਸ਼ਵਵਿਆਪੀ ਧਰਮਾ'ਤੇ ਉਸ ਦੀ ਡੂੰਘੀ ਨਜ਼ਰ ਹੈ"

## ਪੇਸ਼ਗੋਈ ਮੁਸਲਿਹ ਮੌਊਦ ਉੱਪਰ ਹਜ਼ੂਰ ਅਨਵਰ ਦਾ ਅਖੱਾਂ ਖੋਲ ਦੇਣ ਵਾਲਾ ਖ਼ੁਤਬਾ, ਆਪਣਿਆਂ ਤੇ ਗ਼ੈਰਾਂ ਦੇ ਫ਼ੀਡਬੈਕ ਦਾ ਇਮਾਨ ਭਰਪੂਰ ਵਰਣਨ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਫ਼ਰਵਰੀ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕੱਲ ਜਮਾਤਾਂ ਵਿੱਚ 'ਯੌਮ ਮੁਸਲਿਹ ਮੌਊਦ' (ਮੁਸਲਿਹ ਮੌਊਦ ਡੇ) ਦੇ ਜਲਸੇ ਆਯੋਜਤ ਕੀਤੇ ਜਾ ਰਹੇ ਹਨ । 20 ਫ਼ਰਵਰੀ ਦੀ ਮਿਤੀ ਉਹ ਇਤਹਾਸਕ ਮਿਤੀ ਹੈ ਜਿਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਰੱਬ ਤੋਂ ਖ਼ਬਰ ਪ੍ਰਾਪਤ ਕਰਕੇ ਇਕ ਪੁਤੱਰ ਦੇ ਪੈਦਾ ਹੋਣ ਦੀ ਖ਼ਬਰ ਦਿੱਤੀ ਸੀ । ਇਸ ਬਾਰੇ ਇਸ਼ਤਿਹਾਰ ਦਿਤੱਾ ਸੀ । ਇਹ ਇਸਤਿਹਾਰ 20 ਫ਼ਰਵਰੀ 1886 ਈ. ਨੂੰ ਪ੍ਰਕਾਸ਼ਤ ਹੋਇਆ । ਮੁਸਲਿਹ ਮੌਊਦ ਦਾ ਮਨਾਇਆ ਜਾਣਾ ਅਤੇ ਇਸ ਹਵਾਲੇ ਨਾਲ ਜਲਸੇ ਆਯੋਜਤ ਕਰਨਾ ਅਸਲ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਕ ਮਹਾਨ ਪੇਸ਼ਗੋਈ ਦੇ ਪੂਰਾ ਹੋਣ ਕਰਕੇ ਹੈ ਨ ਕਿ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਖ਼ਲੀਫ਼ਾਤੁਲ ਮਸੀਹ ਸਾਨੀ ਦੀ ਪੈਦਾਇਸ਼ ਕਰਕੇ । ਇਹ ਸਪਸ਼ਟੀਕਰਣ ਮੈਂ ਇਸ ਲਈ ਦਿਤੱਾ ਹੈ ਕਿ ਕਈ ਲੋਕ ਪ੍ਰਸ਼ਨ ਕਰਦੇ ਹਨ ਕਿ ਜੱਦ 'ਯੌਮ ਮੁਸਲਿਹ ਮੌਊਦ' (ਮੁਸਲਿਹ ਮੌਊਦ ਡੇ) ਮਨਾਉਂਦੇ ਹਨ ਤਾਂ ਫਿਰ ਬਾਕੀ ਖ਼ਲੀਫ਼ਾ ਸਾਹਿਬਾਨ ਦੇ ਜਨਮ ਦਿਨ ਕਿਉਂ ਨਹੀਂ ਮਨਾਉਂਦ । ਸਪਸ਼ਟ ਰਹੇ ਕਿ ਇਹ ਦਿਨ ਮੁਸਲਿਹ ਮੌਊਦ ਦੀ ਪੈਦਾਇਸ਼ ਦਾ ਦਿਨ ਨਹੀਂ ਹੈ । ਆਪ ਦੀ ਪੈਦਾਇਸ਼ ਤਾਂ 1889 ਈ. ਵਿੱਚ 12 ਜਨਵਰੀ ਨੂੰ ਹੋਈ ਸੀ । ਸੋ, ਇਸ ਸਪਸ਼ਟੀਕਰਣ ਦੇ ਬਾਦ ਅੱਜ ਮੈਂ ਪੇਸ਼ਗੋਈ ਮੁਸਲਿਹ ਮੌਊਦ ਦੇ ਹਵਾਲੇ ਨਾਲ ਗੱਲ ਕਰਾਂਗਾ । ਸਭ ਤੋਂ ਪਹਿਲਾਂ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਪਣੇ ਸ਼ਬਦਾਂ ਵਿੱਚ ਇਸ ਪੇਸ਼ਗੋਈ ਦੇ ਸ਼ਬਦ ਪੇਸ਼ ਕਰਾਂਗਾ ਅਤੇ ਫਿਰ ਇਹ ਵੀ ਕਿ ਆਪ ਦੀਆਂ ਲੇਖਣੀਆਂ ਤੋਂ ਇਹ ਗੱਲ ਪ੍ਰਮਾਣਤ ਹੈ ਅਤੇ ਆਪ ਦਾ ਇਹ ਵਿਚਾਰ ਸੀ ਕਿ ਇਸ ਪੇਸ਼ਗੋਈ ਦੇ ਚਰਿਤੱਾਰਥ (ਮਿਸਦਾਕ) ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਹੀ ਸਨ, ਇਸੇ ਪ੍ਰਕਾਰ ਹਜ਼ਰਤ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦਾ ਵੀ ਇਹੋ ਵਿਚਾਰ ਸੀ । ਕਈ ਹੋਰਨਾ ਬਜ਼ੁਰਗਾਂ ਦਾ ਵੀ ਇਹੋ ਵਿਚਾਰ ਸੀ ਕਿ ਇਸ ਪੇਸ਼ਗੋਈ ਦੇ ਚਰਿਤੱਾਰਥ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਹੀ ਹਨ । ਇਸੇ ਪ੍ਰਕਾਰ ਜਿਵੇਂ ਕਿ ਮੈਂ ਕਿਹਾ ਕਿ ਇਸ ਦੀਆਂ ਵੱਖ ਵੱਖ

ਵਿਸ਼ੇਸ਼ਤਾਵਾਂ ਸਨ ਅਲਾਮਤਾ ਸਨ ਅਤੇ ਇਹ ਅਲਾਮਤਾਂ ਜਿਵੇਂ ਪੂਰੀਆਂ ਹੋਈਆਂ ਅਤੇ ਆਪਣਿਆਂ ਤੇ ਗ਼ੈਰਾਂ ਨੇ ਜਿਸ ਪ੍ਰਕਾਰ ਵਰਨਣ ਕੀਤਾ ਅਤੇ ਉਹਨਾਂ ਨੇ ਅਨੁਭਵ ਕੀਤਾ ਇਸ ਸੰਬੰਧ ਵਿੱਚ ਕੁਝ ਉਧਾਰਣਾ ਪੇਸ਼ ਕਰਾਂਗਾ ।

ਇਸ ਦੇ ਬਾਦ ਸਯੱਦਨਾ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਪੇਸ਼ਗੋਈ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦਾ ਮਤਨ (ਪਾਠ, ਟੈਕਸਟ) ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਬਦਾ ਵਿੱਚ ਪੜ੍ਹਕੇ ਸੁਣਾਇਆ । ਫਿਰ ਫ਼ਰਮਾਇਆ ਸਯੱਦਨਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਸ ਪੇਸ਼ਗੋਈ ਦੇ ਹਵਾਲੇ ਨਾਲ ਫ਼ਰਮਾਉਂਦੇ ਹਨ : ਜੱਦ ਮੇਰਾ ਪਹਿਲਾ ਲੜਕਾ ਫ਼ੌਤ ਹੋ ਗਿਆ ਤਾਂ ਨਾਦਾਨ ਮੌਲਵੀਆਂ ਅਤੇ ਉਹਨਾਂ ਦੇ ਮਿਤੱਰਾਂ, ਇਸਾਈਆਂ ਅਤੇ ਹਿੰਦੁਆਂ ਨੇ ਇਸ ਦੇ ਮਰਨ ਉਪੱਰ ਬਹੁਤ ਖ਼ੁਸ਼ੀ ਮਨਾਈ ਅਤੇ ਵਾਰ ਵਾਰ ਉਹਨਾਂ ਨੂੰ ਕਿਹਾ ਗਿਆ ਕਿ 20 ਫ਼ਰਵਰੀ 1886 ਈ. ਵਿੱਚ ਇਹ ਵੀ ਪੇਸ਼ਗੋਈ ਸੀ ਕਿ ਕੁਝ ਲੜਕੇ ਫ਼ੌਤ ਵੀ ਹੋਣਗੇ । ਸੋ, ਜ਼ਰੂਰੀ ਸੀ ਕਿ ਕੋਈ ਲੜਕਾ ਬਚਪੁਨੇ ਵਿੱਚ ਫ਼ੌਤ ਹੋ ਜਾਂਦਾ ਪਰ ਫਿਰ ਵੀ ਲੋਕ ਨ ਬਾਜ਼ ਆਏ ਤੱਦ ਰੱਬ ਨੇ ਮੈਂਨੂੰ ਇਕ ਦੂਜੇ ਲੜਕੇ ਦੀ ਖ਼ੁਸ਼ਖਬਰੀ ਦਿੱਤੀ, ਇਉਂ ਮੇਰੇ 'ਸਬਜ਼ ਇਸ਼ਤਿਹਾਰ' ਦੇ ਸਤੱਵੇਂ ਪੰਨ੍ਹੇ ਵਿੱਚ ਇਸ ਦੂਜੇ ਲੜਕੇ ਦੇ ਪੈਦਾ ਹੋਣ ਬਾਰੇ ਇਹ ਖ਼ੁਸ਼ਖਬਰੀ ਹੈ । ਦੂਸਰਾ ਬਸ਼ੀਰ ਦਿੱਤਾ ਜਾਏਗਾ ਜਿਸ ਦਾ ਦੂਜਾ ਨਾਂ ਮਹਮੂਦ ਹੈ, ਉਹ ਭਾਵੇਂ ਹੁਣ ਤੱਕ ਜੋ ਕਿ ਅੱਜ ਪਹਿਲੀ ਸਤੰਬਰ 1888 ਈ. ਪੈਦਾ ਨਹੀਂ ਹੋਇਆ ਪਰ ਰੱਬ ਦੇ ਵਾਦੇ ਅਨੁਸਾਰ ਆਪਣੀ ਮਿਆਦ ਵਿੱਚ ਜ਼ਰੂਰ ਪੈਦਾ ਹੋਵੇਗਾ । ਧਰਤੀ ਆਕਾਸ਼ ਟੱਲ ਸਕਦੇ ਹਨ ਪਰ ਉਸ ਦਾ ਵਾਦਾ ਟਲਣਾ ਅਸੰਭਵ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦਾ ਆਪ ਦੇ ਬਾਰੇ ਕੀ ਵਿਚਾਰ ਸੀ ਇਸ ਬਾਰੇ ਇਕ ਰਿਵਾਇਤ ਵਰਣਨ ਕਰਦਾ ਹਾਂ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੀ ਵਫ਼ਾਤ ਤੋਂ ਛੇ ਮਹੀਨਿ ਪਹਿਲਾਂ ਹਜ਼ਰਤ ਪੀਰ ਮਨਜ਼ੂਰ ਮੁਹਮੱਦ ਸਾਹਬ ਲੇਖਕ ਕਾਇਦਾ 'ਯਸੱਰਨਲ ਕੁਰਆਨ' ਨੇ ਆਪਦੀ ਸੇਵਾ ਵਿੱਚ ਅਰਜ਼ ਕੀਤੀ ਕਿ ਮੈਂਨੂੰ ਅੱਜ ਹਜ਼ਰਤ ਅਕਦਸ ਅਲੈਹਿ ਸਲਾਮ ਦੇ ਇਸ਼ਤਿਹਾਰ ਪੜ੍ਹਕੇ ਪਤਾ ਮਿਲ ਗਿਆ ਹੈ ਕਿ ਪਿਸਰੇ ਮੌਊਦ (ਵਾਦੇ ਅਨੁਸਾਰ ਪੁਤੱਰ) ਮੀਆਂ ਸਾਹਬ ਹੀ ਹਨ ਅਰਥਾਤ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ । ਇਸ'ਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਫ਼ਰਮਾਇਆ ਸਾਨੂੰ ਤਾਂ ਪਹਿਲਾਂ ਤੋਂ ਪਤਾ ਹੈ, ਕੀ ਤੁਸੀਂ ਨਹੀਂ ਦੇਖਦੇ ਕਿ ਅਸੀਂ ਮੀਆਂ ਸਾਹਬ ਨਾਲ ਕਿਸ ਖ਼ਾਸ ਤਰੀਕੇ ਨਾਲ ਮਿਲਦੇ ਹਾਂ ਅਤੇ ਉਹਨਾਂ ਦਾ ਸਤਿਕਾਰ ਕਰਦੇ ਹਾਂ । ਪੀਰ ਸਾਹਬ ਨੇ ਇਹੋ ਸ਼ਬਦ ਲਿਖੱਕੇ ਤਸਦੀਕ ਲਈ ਪੇਸ਼ ਕੀਤੇ ਤਾਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵਲ ਨੇ ਇਸ'ਤੇ ਲਿੱਖਿਆ ਕਿ ਇਹ ਸ਼ਬਦ ਮੈਂ ਭਾਈ ਪੀਰ ਮੁਹਮੱਦ ਮਨਜ਼ੂਰ ਨੂੰ ਕਹੇ ਹਨ ਅਤੇ ਫਿਰ ਹਸਤਾਖ਼ਰ ਕਰ ਦਿੱਤੇ, ਨੂਰੁੱਦੀਨ 10 ਸਤੰਬਰ 1913 ਈ. । ਆਪ ਫ਼ਰਮਾਉਂਦੇ ਹਨ ਕਿ 11 ਸਤੰਬਰ 1913 ਈ. ਦੀ ਸ਼ਾਮ ਦੇ ਬਾਦ ਉਪੱਰ ਵਰਣਿਤ ਗੱਲ ਦੇ ਅਗਲੇ ਦਿਨ ਹਜ਼ਰਤ ਖ਼ਲੀਫ਼ਾਤੁਲ ਮਸੀਹ ਘਰ ਵਿੱਚ ਚਾਰਪਾਈ ਉਪੱਰ ਲੇਟੇ ਹੋਏ ਸਨ, ਮੈਂ ਪੈਰ੍ਹਾਂ ਨੂੰ ਦਬਾਉਣ ਲੱਗ ਪਿਆ, ਥੋੜ੍ਹੀ ਦੇਰ ਬਾਦ ਬਿਨਾਂ ਕਿਸੇ ਗਲਬਾਤ ਦੇ ਆਪ ਹੀ ਆਪ ਫ਼ਰਮਾਇਆ ਅਰਥਾਤ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵਲ ਨੇ ਕਿ ਇਸ ਸਮੇਂ ਇਹ ਲੇਖ ਪ੍ਰਕਾਸ਼ਤ ਨ ਕਰਨਾ, ਅਰਥਾਤ ਇਹ ਗੱਲ ਕਿ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਹੀ ਇਸ ਪੇਸਗੋਈ ਦੇ ਚਰਿਤੱਾਰਥ (ਮਿਸਦਾਕ) ਹਨ । ਜੱਦ ਵਿਰੋਧਤਾ ਹੋਵੇ ਉਸ ਸਮੇਂ ਪ੍ਰਕਾਸ਼ਤ ਕਰਨਾ ।

ਇਕ ਬਜ਼ੁਰਗ ਮੁਕਰੱਮ ਗ਼ੁਲਾਮ ਹੁਸੈਨ ਸਾਹਬ ਨੰਬਰਦਾਰ ਮੁਹਲੱਾਹ ਸ਼ਹਿਰ ਸਯਾਲਕੋਟ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੂੰ ਆਪ ਦੇ ਮੁਸਲਿਹ ਮੌਊਦ ਹੋਣ ਦਾ ਐਲਾਨ ਕਰਨ ਦੇ ਬਾਦ ਲਿਖਿਆ ਕਿ ਮੇਰੇ ਪੇਸ਼ਵਾ, ਹਾਦੀ ਤੇ ਮਾਰਗਦਰਸ਼ਕ ਹਜ਼ਰਤ ਖ਼ਲੀਫ਼ਾ ਮਸੀਹ ਸਾਨੀ ਮੁਸਲਿਹ ਮੌਊਦ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼, ਅਖ਼ਬਾਰ ਅਲਫਜ਼ਲ 30 ਜਨਵਰੀ ਪੜ੍ਹਕੇ ਰੱਬ ਦਾ ਸ਼ੁਕਰਾਨਾ ਕਰਦਾ ਹਾਂ, ਅਲਹਮਦੁਲਿਲੱਾਹ, ਕਿ ਰੱਬ ਨੇ ਮੇਰੇ ਰੋਯਾ (ਸੁਪਨੇ) ਨੂੰ ਵੀ ਸਚੱਾ ਕਰ ਦਿਖਾਇਆ ਹੈ । ਲਿਖੱਦੇ ਹਨ ਕਿ ਹਜ਼ੂਰ ਨੂੰ ਪਤਾ ਹੋਵੇਗਾ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵਲ ਦੇ ਜੀਵਨ ਵਿੱਚ ਮੈਂ ਦਫ਼ਤਰ ਅਲਫ਼ਜ਼ਲ ਵਿੱਚ ਮੁਕਰੱਮ ਸ਼ਾਦੀ ਖ਼ਾਨ ਸਾਹਬ ਮਰਹੂਮ ਸਿਆਲਕੋਟੀ ਦੀ ਮੌਜੂਦਗੀ ਵਿੱਚ ਹਜ਼ੂਰ ਨੂੰ ਮੁਬਾਰਕਬਾਦ ਦਿੱਤੀ ਸੀ ਕਿ ਰੱਬ ਨੇ ਮੈਂਨੂੰ ਰੋਯਾ (ਸੁਪਨੇ) ਵਿੱਚ ਦਿਖਾਇਆ ਹੈ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵਲ ਦੇ ਬਾਦ ਆਪ ਖ਼ਲੀਫ਼ਾ ਹੋਣਗੇ ਅਤੇ ਸਫ਼ਲ ਹੋਣਗੇ ਅਤੇ ਆਪ ਉਪੱਰ ਵਹੀ ਨਾਜ਼ਿਲ ਹੋਵੇਗੀ । ਇਹ ਰੋਯਾ (ਸੁਪਨਾ) ਮੈਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੂੰ ਵੀ ਸੁਣਾਇਆ ਸੀ ਅਤੇ ਹਜ਼ੂਰ ਨੇ ਬਹੁਤ ਹੀ ਖ਼ੁਸ਼ੀ ਨਾਲ ਤਸਦੀਕ ਵੀ ਕੀਤੀ ਸੀ ਅਤੇ ਫ਼ਰਮਾਇਆ ਸੀ ਇਸੇ ਲਈ ਇਸ ਦੀ ਸਖ਼ਤ ਵਿਰੋਧਤਾ ਸ਼ੁਰੂ ਹੋ ਗਈ ਹੈ । ਸਯੱਦ ਹਾਮਿਦ ਸ਼ਾਹ ਸਾਹਬ ਮਰਹੂਮ ਨੂੰ ਵੀ ਇਹ ਸੁਪਨਾ ਸੁਣਾਇਆ ਸੀ । ਅਲਹਮਦੁਲਿਲੱਾਹ ਕਿ ਹਜ਼ੂਰ ਨੇ ਖ਼ੁੱਦ ਮੁਸਲਿਹ

ਮੌਊਦ ਹੋਣ ਦਾ ਦਾਵਾ ਕਰ ਦਿਤੱਾ । ਕਿਉਂਕਿ ਹਜ਼ਰਤ ਮੁਸਲਿਹ ਮੌਊਦ ਨੇ ਇਹ ਐਲਾਨ ਕੀਤਾ ਸੀ 1944 ਈ. ਵਿੱਚ । ਕਹਿੰਦੇ ਹਨ ਕਿ ਵਰਨਾ ਮੈਨੂੰ ਤਾਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਦੇ ਜੀਵਨ ਕਾਲ ਵਿੱਚ ਆਪ ਦੇ ਖ਼ਲੀਫ਼ਤੁਲੱਾਹ ਅਤੇ ਮੁਸਲਿਹ ਮੌਊਦ ਹੋਣ ਦਾ ਹਕੁੱਲ ਯਕੀਕਨ ਹੋ ਗਿਆ ਸੀ ।

ਇਸੇ ਪ੍ਰਕਾਰ ਇਕ ਹੋਰ ਬਜ਼ੁਰਗ ਹਨ ਮੁਕਰੱਮ ਸੂਫ਼ੀ ਮੁਤੀਉਰ ਰਹਮਾਨ ਸਾਹਬ ਬੰਗਾਲੀ । ਹਜ਼ਰਤ ਮੁਸਲਿਹ ਮੌਊਦ ਦੇ ਨਾਂ ਲਿਖੇ ਪਤੱਰਾਂ ਵਿਚੋਂ ਇਕ ਪਤੱਰ ਵਿੱਚ ਲਿਖੱਦੇ ਹਨ । ਮੈਂ ਸੁਪਨੇ ਵਿੱਚ ਦੇਖਿਆ ਕਿ ਈਦ ਦਾ ਜਲਸਾ ਹੈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਅਤਿ ਉੱਚੇ ਸਥਾਨ ਉਪੱਰ ਖੜੇ ਹੋਕੇ ਹਰਿਆ ਚੋਗਾ ਪਾਕੇ ਖ਼ੁਤਬਾ ਦੇ ਰਹੇ ਹਨ । ਖ਼ੁਤਬਾ ਖ਼ਤਮ ਹੋਣ ਦੇ ਬਾਦ ਜੱਦ ਮੈਂ ਮੁਸਾਫ਼ੇ (ਹੱਥ ਮਿਲਾਉਣ) ਲਈ ਵੱਧਿਆ ਤਾਂ ਦੇਖਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਹੀਂ ਸਗੋਂ ਹਜ਼ੂਰ ਅਨਵਰ ਹਨ ਅਰਥਾਤ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਹਨ । ਇਹ ਸੁਪਨਾ ਮੈਂ ਕਪਤਾਨ ਡਾਕਟਰ ਬਦਰੁੱਦੀਨ ਸਾਹਬ ਅਤੇ ਆਪਣੇ ਭਾਈ ਜਨਾਬ ਜ਼ਿਲੁੱਰ ਰਹਮਾਨ ਸਾਹਬ ਮੁਬਲੱਗ਼ ਬੰਗਾਲ ਦੀ ਸੇਵਾ ਵਿੱਚ ਵਰਨਣ ਕੀਤਾ । ਮੌਲਵੀ ਜ਼ਿਲੁੱਰ ਰਹਮਾਨ ਸਾਹਬ ਨੇ ਦੱਸਿਆ ਕਿ ਤੁਹਾਨੂੰ ਹਜ਼ਰਤ ਅਮੀਰੁਲ ਮੋਮਿਨੀਨ ਬਾਰੇ ਜੋ ਮਸੀਹ ਮੌਊਦ ਅਲੈਹਿ ਸਲਾਮ ਦੀ ਪੇਸ਼ਗੋਈ ਹੈ ਕਿ ਉਹ ਹੁਸਨ ਤੇ ਇਹਸਾਨ ਵਿੱਚ ਤੇਰਾ ਨਜ਼ੀਰ ਹੋਵੇਗਾ, ਇਸ ਸੰਬਧੀ ਦਿਖਾਈ ਗਈ ਹੈ ।

ਇਸੇ ਪ੍ਰਕਾਰ ਹਜ਼ਰਤ ਸ਼ੇਖ਼ ਮੁਹਮੱਦ ਇਸਮਾਈਲ ਸਾਹਬ ਸਿਰਸਾਵੀ ਦਾ ਬਿਆਨ ਹੈ ਕਿ ਅਸੀਂ ਕਈ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਸੁਣਿਆ ਹੈ ਕਿ ਆਪ ਫ਼ਰਮਾਇਆ ਕਰਦੇ ਸਨ ਕਿ ਉਹ ਲੜਕਾ ਜਿਸਦਾ ਪੇਸ਼ਗੋਈ ਵਿੱਚ ਵਰਨਣ ਹੈ ਉਹ ਮੀਆਂ ਮਹਮੂਦ ਹੀ ਹਨ ਅਤੇ ਅਸੀਂ ਆਪ ਤੋਂ ਇਹ ਵੀ ਸੁਣਿਆ ਕਿ ਆਪ ਫ਼ਰਮਾਇਆ ਕਰਦੇ ਸਨ ਕਿ ਮੀਆਂ ਮਹਮੂਦ ਵਿੱਚ ਧਾਰਮਕ ਜੋਸ਼ ਐਨ੍ਹਾ ਪਾਇਆ ਜਾਂਦਾ ਹੈ ਕਿ ਮੈਂ ਕਈ ਵਾਰ ਇਹਨਾਂ ਲਈ ਵਿਸ਼ੇਸ਼ ਰੂਪ ਵਿੱਚ ਦੁਆ ਕਰਦਾ ਹਾਂ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਨੂੰ ਜੱਦ ਤੱਕ ਰੱਬ ਨੇ ਨਹੀਂ ਕਿਹਾ ਆਪ ਨੇ ਮੁਸਲਿਹ ਮੌਊਦ ਹੋਣ ਦਾ ਦਾਵਾ ਨਹੀਂ ਕੀਤਾ ਅਤੇ ਜੱਦ ਆਪ ਨੂੰ ਪ੍ਰਤੱਖ ਰੂਪ ਵਿੱਚ ਘੋਸ਼ਣਾ ਦਾ ਆਦੇਸ਼ ਦਿਤੱਾ ਗਿਆ ਤਾਂ ਆਪਨੇ ਘੋਸ਼ਣਾ ਕੀਤੀ । ਉਸ ਸਮੇਂ ਆਪਨੇ ਫ਼ਰਮਾਇਆ ਕਿ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਉਸ ਨਿਧਾਰਤ ਪੁਤੱਰ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੋ ਅਲਾਮਤਾਂ ਵਰਨਣ ਕੀਤੀਆਂ ਹਨ , ਉਹਨਾਂ ਵਿੱਚੋਂ ਕਈ ਇਕ ਦੇ ਪੂਰਾ ਹੋਣ ਕਰਕੇ ਸਾਡੀ ਜਮਾਤ ਦੇ ਬਹੁਤ ਸਾਰੇ ਲੋਕ ਇਹ ਕਹਿੰਦੇ ਸਨ ਕਿ ਇਹ ਪੇਸ਼ਗੋਈ ਮੇਰੇ ਬਾਰੇ ਹੈ ਪਰ ਮੈਂ ਹਮੇਸ਼ਾ ਇਹੋ ਕਹਿੰਦਾ ਸੀ ਕਿ ਜੱਦ ਤੱਕ ਰੱਬ ਮੈਨੂੰ ਇਹ ਆਦੇਸ ਨ ਦੇਵੇ ਕਿ ਮੈਂ ਕੋਈ ਅਜਿਹਾ ਐਲਾਨ ਕਰਾਂ, ਮੈਂ ਨਹੀਂ ਕਰਾਂਗਾ । ਅੰਤ ਉਹ ਦਿਨ ਆ ਗਿਆ ਜੱਦ ਰੱਬ ਨੇ ਮੇਰੇ ਮੂੰਹੋ ਇਸ ਦੀ ਘੋਸ਼ਣਾ ਕਰਾਉਂਣੀ ਸੀ ।

ਆਪ ਘੋਸ਼ਣਾ ਸਮੇਂ ਜਲਸਾ ਹੁਸ਼ਿਆਰਪੁਰ ਵਿੱਚ ਫ਼ਰਮਾਇਆ ਕਿ ਮੈਂ ਰੱਬ ਦੇ ਆਦੇਸ਼ ਹੇਠ ਸਹੁੰ ਖਾਕੇ ਇਹ ਘੋਸ਼ਣਾ ਕਰਦਾ ਹਾਂ ਕਿ ਰੱਬ ਨੇ ਮੈਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੇਸ਼ਗੋਈ ਅਨੁਸਾਰ ਆਪ ਦਾ ਉਹ ਮਊਦ (ਨਿਰਧਾਰਤ) ਪੁਤੱਰ ਕਰਾਰ ਦਿਤੱਾ ਹੈ ਜਿਸ ਨੇ ਧਰਤੀ ਦੇ ਕੰਢਿਆਂ ਤੱਕ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਂ ਨੂੰ ਪਹੁੰਚਾਉਂਣਾ ਹੈ ।

ਫਿਰ ਲਾਹੌਰ ਦੇ ਜਲਸੇ ਵਿੱਚ ਆਪ ਨੇ ਫ਼ਰਮਾਇਆ : ਮੈਂ ਉਸ ਇਕੋ ਇਕ ਕਹਾਰ ਰੱਬ ਦੀ ਸਹੁੰ ਖਾਕੇ ਕਹਿੰਦਾ ਹਾਂ ਜਿਸ ਦੀ ਝੂਠੀ ਸੰਹੁ ਖਾਣਾ ਲਾਨ੍ਹਤੀਆਂ ਦਾ ਕੰਮ ਹੈ, ਜਿਸ'ਤੇ ਝੂਠ ਘੜਨ ਵਾਲਾ ਉਸ ਦੀ ਕਰੋਪੀ ਤੋਂ ਹੀਂ ਬੱਚ ਸਕਦਾ ਕਿ ਰੱਬ ਨੇ ਮੈਨੂੰ ਇਸ ਸ਼ਹਿਰ ਲਾਹੌਰ ਵਿੱਚ 13 ਟੈਂਪਲ ਰੋਡ'ਤੇ ਸ਼ੇਖ਼ ਬਸ਼ੀਰ ਅਹਮਦ ਸਾਹਬ ਐਡਵੋਕੇਟ ਦੇ ਘਰ ਵਿੱਚ ਇਹ ਖ਼ਬਰ ਦਿੱਤੀ ਹੈ ਕਿ ਮੈਂ ਹੀ ਮੁਸਲਿਹ ਮੌਊਦ ਦੀ ਪੇਸ਼ਗੋਈ ਦਾ ਮਿਸਦਾਕ (ਚਰਿਤੱਾਰਥ) ਹਾਂ ਅਤੇ ਮੈਂ ਹੀ ਉਹ ਮਸਲਿਹ ਮੌਊਦ ਹਾਂ ਜਿਸ ਰਾਹੀਂ ਇਸਲਾਮ ਦੁਨੀਆ ਦੇ ਕੰਢਿਆਂ ਤੱਕ ਪਹੁੰਚੇਗਾ ਅਤੇ ਤੌਹੀਦ ਦੀ ਦੁਨੀਆਂ ਵਿੱਚ ਸਥਾਪਨਾ ਹੋਵੀਗੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਪੇਸ਼ਗੋਈ ਮੁਸਲਿਹ ਮੌਊਦ ਵਿੱਚ ਮਊਦ (ਪਹਿਲਾਂ ਤੋਂ ਕੀਤੇ ਗਏ ਵਾਦਿਆਂ ਅਨੁਸਾਰ) ਪੁਤੱਰ ਬਾਰੇ ਜਿਸ ਮਊਦ ਪੁਤੱਰ ਦੀਆਂ ਜੋ ਨਿਸ਼ਾਨੀਆਂ ਦੱਸੀਆਂ ਸਨ ਉਹ ਪੰਜਾਹ ਤੋਂ ਵੱਧ ਨਿਸ਼ਾਨੀਆਂ ਹਨ ਅਤੇ ਆਪ ਦੀਆਂ ਇਹ ਨਿਸ਼ਾਨੀਆਂ ਆਪਣਿਆ ਤੇ ਬਿਗਾਨਿਆਂ ਨੇ ਕਿਵੇਂ ਹਜ਼ਰਤ ਮੁਸਲਿਹ ਮੌਊਦ ਵਿਚ ਦੇਖੀਆਂ ਉਹਨਾਂ ਦਾ ਵਰਨਣ ਕਰਦਾ ਹਾਂ । ਹਜ਼ਰਤ ਮੁਸਲਿਹ ਮੌਊਦ ਦੀ ਵਫ਼ਾਤ ਸਮੇਂ ਹਜ਼ਰਤ ਸਯੱਦ ਅਬੁਲ ਫ਼ਰਸ਼ੁਲ ਹੁਸਨੀ ਦਮਿਸ਼ਕ ਬਿਆਨ ਕਰਦੇ ਹਨ : ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਦੀ ਵਫ਼ਾਤ ਸਾਡੇ ਮਨਾਂ ਨੂੰ ਅਤਿੰਤ ਕਸ਼ਟ ਤੇ ਦੁਖ ਹੋਇਆ ਅਤੇ ਇਹ ਉਹ ਕਸ਼ਟ ਹੈ ਜਿਸ ਨੇ ਹਰ ਅਹਮਦੀ ਉਪੱਰ ਡੂੰਘਾ ਪ੍ਰਭਾਵ ਪਾਇਆ ਹੈ । ਜਮਾਤ ਦਮਿਸ਼ਕ ਨੂੰ ਵਿਸ਼ੇਸ਼ ਕਰਕੇ ਅਤਿਅੰਤ

ਦੁੱਖ ਹੋਇਆ ਹੈ ਕਿਉਂਕਿ ਜਮਾਤ ਦਮਿਸ਼ਕ ਹਜ਼ੂਰ ਰਜ਼ੀ ਅਲੱਾਹ ਅਨਹੁ ਦਾ ਆਪਣੀ ਹੱਥੀਂ ਲਾਇਆ ਹੋਇਆ ਪੌਦਾ ਹੈ ਅਤੇ ਇਸ ਨੂੰ ਆਪ ਦੇ ਵਿਸ਼ੇਸ਼ ਧਿਆਨ ਤੇ ਆਤਮਕਤਾ ਨੇ ਸੀਂਚਿਆ ਹੋਇਆ ਸੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਪੇਸ਼ਗੋਈ ਦੀ ਸਚੱਾਈ ਦਾ ਪ੍ਰਕਟਨ ਰੱਬ ਨੇ ਗ਼ੈਰਾਂ ਤੋਂ ਵੀ ਕਰਾਇਆ । ਸੋ, ਇਕ ਸਤਿਕਾਰ ਯੋਗ ਗ਼ੈਰ ਅਹਮਦੀ ਆਲਿਮ ਮੌਲਵੀ ਸਮੀਉਲੱਾਹ ਖ਼ਾਨ ਸਾਹਬ ਫ਼ਾਰੂਕੀ ਨੇ ਪਾਸਿਤਾਨ ਬਣਨ ਤੋਂ ਪਹਿਲਾਂ 'ਇਜ਼ਹਾਰੇ ਹੱਕ' ਦੇ ਸਿਰਲੇਖ ਹੇਠ ਇਕ ਟ੍ਰੈਕਟ ਵਿੱਚ ਲਿੱਖਿਆ :

ਆਪ ਨੂੰ ਅਰਥਾਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਹ ਸੂਚਨਾ ਮਿਲਦੀ ਹੈ ਕਿ ਮੈਂ ਤੇਰੀ ਜਮਾਤ ਲਈ ਤੇਰੀ ਹੀ ਸੰਤਾਨ ਵਿੱਚੋਂ ਇਕ ਵਿਅਕਤੀ ਨੂੰ ਸਥਾਪਤ ਕਰਾਂਗਾ ਅਤੇ ਉਸ ਨੂੰ ਆਪਣੀ ਨੇੜਤਾ ਤੇ ਵਹੀ ਨਾਲ ਵਿਸ਼ੇਸ਼ ਕਰਾਂਗਾ ਅਤੇ ਉਸ ਰਾਹੀਂ ਸਚੱਾਈ ਤਰੱਕੀ ਕਰੇਗੀ ਅਤੇ ਬਹੁਤ ਲੋਕ ਸਚੱਾਈ ਕੁਬੂਲ ਕਰਨਗੇ । ਲਿਖੱਦੇ ਹਨ ਕਿ ਇਸ ਪੇਸ਼ਗੋਈ ਨੂੰ ਪੜ੍ਹੋ ਅਤੇ ਵਾਰ ਵਾਰ ਪੜ੍ਹੋ ਅਤੇ ਫਿਰ ਇਮਾਨ ਨਾਲ ਕਹੋ ਕਿ ਕੀ ਇਹ ਪੇਸ਼ਗੋਈ ਪੂਰੀ ਨਹੀਂ ਹੋਈ । ਜਿਸ ਸਮੇਂ ਇਹ ਪੇਸ਼ਗੋਈ ਕੀਤੀ ਗਈ ਹੈ ਉਸ ਸਮੇਂ ਵਰਤਮਾਨ ਖ਼ਲੀਫ਼ਾ ਅਜੇ ਬੱਚੇ ਹੀ ਸਨ ਅਤੇ ਮਿਰਜ਼ਾ ਸਾਹਬ ਵੱਲੋਂ ਉਹਨਾਂ ਨੂੰ ਖ਼ਲੀਫ਼ਾ ਬਣਾਏ ਜਾਣ ਦੀ ਕਿਸੇ ਵੀ ਪ੍ਰਕਾਰ ਦੀ ਵਸੀਯਤ ਵੀ ਨਹੀਂ ਕੀਤੀ ਗਈ ਸੀ ਸਗੋਂ ਖ਼ਿਲਾਫ਼ਤ ਦੀ ਚੋਣ ਸਾਧਾਰਣ ਚੋਣ ਉਪੱਰ ਛੱਡ ਦਿੱਤੀ ਗਈ ਸੀ, ਸੋ, ਉਸ ਸਮੇਂ ਬਹੁਤਿਆਂ ਨੇ ਹਕੀਮ ਨੂਰੁੱਦੀਨ ਸਾਹਬ ਨੂੰ ਖ਼ਲੀਫ਼ਾ ਸਵੀਕਾਰ ਕਰ ਲਿਆ, ਜਿਸ'ਤੇ ਵਿਰੋਧੀਆਂ ਨੇ ਪੇਸ਼ਗੋਈ ਦਾ ਮਖ਼ੌਲ ਉਡਾਇਆ ਕਿ ਦੇਖੋ ਕਹਿੰਦੇ ਸਨ ਬੇਟਾ ਹੋਵੇਗਾ ਬੇਟਾ ਤਾਂ ਬਣਿਆਂ ਨਹੀਂ ਪਰ ਹਕੀਮ ਸਾਹਬ ਦੀ ਵਫ਼ਾਤ ਦੇ ਬਾਦ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਖ਼ਲੀਫ਼ਾ ਨਿਯੁਕਤ ਹੋਏ । ਇਹ ਸਚੱਾਈ ਹੈ ਕਿ ਆਪ ਦੇ ਜੁੱਗ ਵਿੱਚ ਅਹਮਦੀਅਤ ਨੇ ਜਿੰਨ੍ਹੀ ਹੈਰਾਨੀ ਭਰਪੂਰ ਤਰੱਕੀ ਕੀਤੀ ਹੈ ਉਸ ਤੋਂ ਸਪਸ਼ਟ ਹੁੰਦਾ ਹੈ ਕਿ ਮਿਰਜ਼ਾ ਸਾਹਬ ਦੀ ਇਹ ਪੇਸ਼ਗੋਈ ਹੂਬਹੂ ਪੂਰੀ ਹੋਈ ਹੈ ।

ਫਿਰ ਭਾਰਤ ਦੇ ਇਕ ਗ਼ੈਰ ਮੁਸਲਿਮ ਸਿੱਖ ਪਤੱਰ ਪ੍ਰੇਰਕ ਅਰਜੁਨ ਸਿੰਘ ਐਡੀਟਰ ਰੰਗੀਨ ਅਮ੍ਰਤਸਰ ਨੇ ਸਵੀਕਾਰ ਕੀਤਾ, ਕਹਿੰਦੇ ਹਨ ਮਿਰਜ਼ਾ ਸਾਹਬ ਨੇ 1901 ਈ. ਵਿੱਚ ਜੱਦ ਕਿ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਵਰਤਮਾਨ ਖ਼ਲੀਫ਼ਾ ਅਜੇ ਬੱਚੇ ਹੀ ਸਨ ਇਹ ਪੇਸ਼ਗੋਈ ਕੀਤੀ ਸੀ ਕਿ :

ਬਸ਼ਾਰਤ ਦੀ ਕਿ ਇਕ ਬੇਟਾ ਹੈ ਤੇਰਾ — ਜੋ ਹੋਗਾ ਇਕ ਦਿਨ ਮਹਬੂਬ ਮੇਰਾ
ਕਰੂੰਗਾ ਦੂਰ ਇਸ ਮਹ ਸੇ ਅੰਧੇਰਾ — ਦਿਖਾਉਂਗਾ ਇਕ ਆਲਮ ਕੋ ਫੇਰਾ
ਬਸ਼ਾਰਤ ਕਯਾ ਹੈ ਇਕ ਦਿਲ ਕੀ ਗ਼ਜ਼ਾ ਦੀ — ਫ਼-ਸੁਬਹਾਨਲੱਾਜ਼ੀ ਅਖ਼ਜ਼ਲ ਆਅਦੀ

ਲਿਖੱਦੇ ਹਨ ਕਿ ਪੇਸ਼ਗੋਈ ਹੈਰਾਨੀ ਪੈਦਾ ਕਰਨ ਵਾਲੀ ਹੈ । 1901 ਈ. ਵਿੱਚ ਨ ਮਿਰਜ਼ਾ ਬਸ਼ੀਰੁੱਦੀਨ ਕੋਈ ਵੱਡੇ ਆਲਮ ਤੇ ਵਿਦਵਾਨ ਸਨ ਅਤੇ ਨ ਆਪਦੀ ਰਾਜਨੀਤਿਕ ਯੋਗਤਾ ਦੇ ਜੌਹਰ ਨਿਖਰੇ ਸਨ । ਉਸ ਸਮੇਂ ਇਹ ਆਖਣਾ ਕਿ ਤੇਰਾ ਇਕ ਪੁਤੱਰ ਅਜਿਹਾ ਤੇ ਅਜਿਹਾ ਹੋਵੇਗਾ ਅਵਸ਼ ਹੀ ਕਿਸੇ ਰੂਹਾਨੀ ਸ਼ਕਤੀ ਦੀ ਦਲੀਲ ਹੈ । ਇਹ ਕਿਹਾ ਜਾ ਸਕਦਾ ਹੈ ਕਿ ਕਿਉਂਕਿ ਮਿਰਜ਼ਾ ਸਾਹਬ ਨੇ ਇਕ ਦਾਵਾ ਕਰਕੇ ਗੱਦੀ ਦੀ ਨੀਂਹ ਰੱਖੀ ਸੀ, ਇਸ ਲਈ ਗੁਮਾਨ ਹੋ ਸਕਦਾ ਹੈ ਕਿ ਮੇਰੇ ਬਾਦ ਮੇਰੇ ਉਤਰਾਧਿਕਾਰੀ ਦਾ ਸਿਹਰਾ ਮੇਰੇ ਲੜਕੇ ਦੇ ਸਿਰ ਹੋਵੇਗਾ ਪਰ ਇਹ ਵਿਚਾਰ ਝੂਠਾ ਹੈ । ਇਸ ਲਈ ਕਿ ਮਿਰਜ਼ਾ ਸਾਹਬ ਨੇ ਖ਼ਿਲਾਫ਼ਤ ਦੀ ਸ਼ਰਤ ਨਹੀਂ ਰਖੀ ਸੀ ਕਿ ਉਹ ਅਵਸ਼ ਮਿਰਜ਼ਾ ਸਾਹਬ ਦੇ ਪਰਿਵਾਰ ਵਿੱਚੋਂ ਹੋਵੇ ਅਤੇ ਆਪਦੀ ਸੰਤਾਨ ਵਿੱਚੋ ਹੋਵੇ । ਸੋ, ਖ਼ਲੀਫ਼ਾ ਅਵੱਲ ਇਕ ਅਜਿਹੇ ਵਿਅਕਤੀ ਹੋਏ ਜਿਸ ਦਾ ਮਿਰਜ਼ਾ ਸਾਹਬ ਦੇ ਪਰਿਵਾਰ ਨਾਲ ਕੋਈ ਵਾਸਤਾ ਨਹੀਂ ਸੀ ਫਿਰ ਬਹੁਤ ਸੰਭਵ ਸੀ ਕਿ ਮੌਲਵੀ ਹਕੀਮ ਨੂਰੁੱਦੀਨ ਸਾਹਬ ਖ਼ਲੀਫ਼ਾ ਅਵੱਲ ਦੇ ਬਾਦ ਵੀ ਕੋਈ ਹੋਰ ਸਾਹਬ ਖ਼ਲੀਫ਼ਾ ਹੋ ਜਾਂਦੇ, ਕਿਉਂਕਿ ਇਸ ਮੌਕੇ ਵੀ ਮੌਲਵੀ ਮੁਹੱਮਦ ਅਲੀ ਸਾਹਬ ਅਮੀਰ ਜਮਾਤ ਲਾਹੌਰ ਖ਼ਿਲਾਫ਼ਤ ਲਈ ਉਮੀਦਵਾਰ ਸਨ, ਪਰੰਤੂ ਬਹੁਤਿਆਂ ਨੇ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਦਾ ਸਾਥ ਦਿਤੱਾ ਅਤੇ ਇਸ ਪ੍ਰਕਾਰ ਆਪ ਖ਼ਲੀਫ਼ਾ ਨਿਯੁਕਤ ਹੋਏ । ਲਿਖੱਦੇ ਹਨ ਕਿ ਹੁਣ ਪ੍ਰਸ਼ਨ ਇਹ ਕਿ ਜੇਕਰ ਵੱਡੇ ਮਿਰਜ਼ਾ ਸਾਹਬ ਅੰਦਰ ਕੋਈ ਰੂਹਾਨੀ ਤਾਕਤ ਕੰਮ ਨ ਕਰ ਰਹੀ ਸੀ ਤਾਂ ਫਿਰ ਆਪ ਇਹ ਕਿਵੇਂ ਜਾਣ ਗਏ ਕਿ ਮੇਰਾ ਇਕ ਬੇਟਾ ਅਜਿਹਾ ਹੋਵੇਗਾ । ਜਿਸ ਸਮੇਂ ਮਿਰਜ਼ਾ ਸਾਹਬ ਨੇ ਉਪਰੋਕਤ ਐਲਾਨ ਕੀਤਾ ਉਸ ਸਮੇਂ ਆਪਦੇ ਤਿੰਨ ਪੁਤੱਰ ਸਨ ਆਪ ਤਿੰਨ੍ਹਾ ਲਈ ਦੁਆਵਾਂ ਵੀ ਕਰਦੇ ਸਨ ਪਰ ਪੇਸ਼ਗੋਈ ਕੇਵਲ ਇਕ ਬਾਰੇ ਹੈ ਅਤੇ ਅਸੀਂ ਦੇਖਦੇ ਹਾਂ ਕਿ ਉਹ ਇਕ ਵਾਸਤਵ ਵਿੱਚ ਅਜਿਹਾ ਸਾਬਤ ਹੋਇਆ ਹੈ ਕਿ ਉਸ ਨੇ ਇਕ ਜਹਾਂ ਵਿੱਚ ਪਰਿਵਰਤਨ ਪੈਦਾ ਕਰ ਦਿਤੱਾ ਹੈ ।

ਫਿਰ ਪਿਸਰੇ ਮਊਦ (ਵਾਦਾ ਕੀਤੇ ਗਏ ਪੁਤੱਰ) ਦੇ ਆਉਣ ਦਾ ਮੰਤਵ ਇਹ ਸੀ ਕਿ ਇਸਲਾਮ ਧਰਮ ਦੀ ਮਹਾਹਨਤਾ ਅਤੇ 'ਕਲਾਮੁਲੱਾਹ' (ਰੱਬ ਦੇ ਕਲਾਮ ਅਰਥਾਕ ਕੁਰਆਨ ਕਰੀਮ) ਦਾ ਮਰਤਬਾ ਲੋਕਾਂ ਉਪੱਰ ਪ੍ਰਕਟ ਹੋਵੇ । ਭਾਰਤ ਪਾਕ ਦੇ ਪ੍ਰਸਿਧ ਮੁਸਲਿਮ ਲੀਡਰ ਅਤੇ ਸ਼ਾਇਰ ਮੌਲਵੀ ਜ਼ਫ਼ਰ ਅਲੀ ਖਾਨ ਸਾਹਬ ਐਡੀਟਰ ਜ਼ਮੀਂਦਾਰ ਨੇ ਖੁੱਲੇ ਸ਼ਬਦਾਂ ਵਿੱਚ ਪੱਖ ਪੂਰਦਿਆਂ ਹੋਇਆਂ ਆਪਨਿਆਂ ਲੋਕਾਂ ਵਿੱਚ ਕਿਹਾ ਕਿ ਕੰਨ੍ਹ ਖੋਲਕੇ ਸੁਣ ਲਓ ਕਿ ਤੁਸੀਂ ਅਤੇ ਤੁਹਾਡੇ ਲੱਗੇ ਬੰਨ੍ਹੇ ਮਿਰਜ਼ਾ ਮਹਮੂਦ ਦਾ ਮੁਕਾਬਲਾ ਕਯਾਮਤ ਤੱਕ ਨਹੀਂ ਕਰ ਸਕਦੇ । ਮਿਰਜ਼ਾ ਮਹਮੂਦ ਕੋਲ ਕੁਰਆਨ ਹੈ ਅਤੇ ਕੁਰਆਨ ਦਾ ਗਿਆਨ ਹੈ, ਤੁਹਾਡੇ ਕੋਲ ਕੀ ਧਰਿਆ ਹੈ । ਤੁਸੀਂ ਕਦੇ ਸੁਪਨੇ ਵਿੱਚ ਵਿੱਚ ਵੀ ਕੁਰਆਨ ਨਹੀਂ ਪੜ੍ਹਿਆ । ਮਿਰਜ਼ਾ ਮਹਮੂਦ ਕੋਲ ਅਜਿਹੀ ਜਮਾਤ ਹੈ ਜੋ ਤਨ ਮਨ ਧਨ ਉਸ ਦੇ ਇਸ਼ਾਰੇ ਉਸਦੇ ਪੈਰ੍ਹਾਂ ਪਿੱਛੇ ਕੁਰਬਾਨ ਕਰਨ ਨੂੰ ਤਿਆਰ ਹੈ । ਮਿਰਜ਼ਾ ਮਹਮੂਦ ਕੋਲ ਮੁਬਲੱਗ ਹਨ ਵੱਖ ਵੱਖ ਗਿਆਨ ਦੇ ਮਾਹਰ ਹਨ ਦੁਨੀਆ ਦੇ ਹਰ ਦੇਸ਼ ਵਿੱਚ ਉਸ ਨੇ ਝੰਡਾ ਕੱਢ ਰੱਖਿਆ ਹੈ ।

ਪ੍ਰਸਿੱਧ ਟੀਕਾਕਾਰ ਅਲੱਾਮਾ ਅਬਦੁਲ ਮਾਜਿਦ ਦਰਿਆ ਆਬਾਦੀ ਸੰਪਾਦਕ 'ਸਿਦੱਕੇ ਜਦੀਦ' ਨੇ ਹਜ਼ਰਤ ਮੁਸਲਿਹ ਮੁਸਲਿਹ ਮੌਊਦ ਦੀ ਵਫ਼ਾਤ ਉਪੱਰ ਇਕ ਸ਼ਜ਼ਰਾ (ਸੰਖੇਪ ਸੰਪਾਦਕੀ) ਲਿੱਖਿਆ ਜਿਸ ਵਿੱਚ ਹਜ਼ਰਤ ਮੁਸਲਿਹ ਮੌਊਦ ਦੀ ਕੁਰਆਨ ਕਰੀਮ ਦੀ ਸੇਵਾ ਨੂੰ ਸ਼ਰਧਾਂਜਲੀ ਪੇਸ਼ ਕਰਦਿਆਂ ਹੋਇਆਂ ਲਿਖੱਦੇ ਹਨ ਕਿ ਕੁਰਆਨ ਕਰੀਮ ਤੇ ਕੁਰਆਨ ਕਰੀਮ ਦੇ ਗਿਆਨ ਦੀ ਵਿਸ਼ਵ ਵਿਆਪੀ ਪ੍ਰਕਾਸ਼ਨਾ ਅਤੇ ਇਸਲਾਮ ਦੀ ਅਕਾਸ਼ ਨੂੰ ਛੂਹੰਦੇ ਪ੍ਰਚਾਰ ਵਿੱਚ ਜੋ ਜਤਨ ਉਹਨਾਂ ਨੇ ਸਰਗਰਮੀ ਅਤੇ ਪੂਰਨ ਤੇ ਪੱਕੇ ਨਿਸ਼ਚੇ ਨਾਲ ਆਪਣੀ ਲੰਮੀ ਉਮੱਰ ਵਿੱਚ ਜਾਰੀ ਰਖੀਆਂ ਉਹਨਾਂ ਦਾ ਰੱਬ ਉਹਨਾਂ ਨੂੰ ਬਦਲਾ ਦੇਵੇਗਾ । ਵਿਦਿਅਕ ਯੋਗਤਾ ਨਾਲ ਕੁਰਆਨ ਕਰੀਮ ਦੀ ਸਚੱਾਈ ਅਤੇ ਮੁਆਰਫ਼ਤ ਦੀ ਜੋ ਵਿਆਖਿਆ, ਵਿਸਥਾਰ ਅਤੇ ਤਰਜੁਮਾਨੀ ਉਹ ਕਰ ਗਏ ਹਨ ਉਸ ਦਾ ਵੀ ਇਕ ਬੁਲੰਦ ਤੇ ਵਿਸ਼ੇਸ਼ ਮਰਤਬਾ ਹੈ ।

ਇਕ ਅਮਰੀਕਨ ਪਾਦਰੀ ਇਕ ਵਾਰ ਕਾਦੀਆਂ ਆਇਆ । ਖ਼ਲੀਫ਼ਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਨਾਲ ਮੁਲਾਕਾਤ ਕੀਤੀ ਅਤੇ ਆਪਦੇ ਉਤੱਰ ਸੁਣਨ ਦੇ ਬਾਦ ਉਸਨੇ ਕਿਹਾ ਮੈਂ ਅੱਜ ਤੱਕ ਅਜਿਹੀ ਢੁਕੱਵੀ ਗੱਲ ਅਤੇ ਅਜਿਹੀ ਦਲੀਲਾਂ ਭਰਾਪੂਰ ਤਕਰੀਰ ਕਿਸੇ ਦੇ ਮੂੰਹੋਂ ਨਹੀਂ ਸੁਣੀ । ਮਾਲੂਮ ਹੁੰਦਾ ਹੈ ਕਿ ਤੁਹਾਡਾ ਖ਼ਲੀਫ਼ਾ ਬਹੁਤ ਵਡੱਾ ਸਕਾਰਲਰ ਹੈ ਅਤੇ ਵਿਸ਼ਵ ਵਿਆਪੀ ਧਰਮਾਂ ਉਪੱਰ ਬਹੁਤ ਡੂੰਘੀ ਨਜ਼ਰ ਹੈ । ਇਹ ਕਹਿਕੇ ਉਸ ਦੇ ਬਹੁਤ ਅਦਬ ਨਾਲ ਹਜ਼ਰਤ ਸਾਹਬ ਦੇ ਹੱਥਾਂ ਨੂੰ ਚੁੰਮਿਆ ਅਤੇ ਵਾਪਸ ਚਲਾ ਗਿਆ ।

ਫ਼ਰਵਰੀ 1945 ਈ. ਵਿੱਚ ਹਜ਼ਰਤ ਮੁਸਲਿਹ ਮੌਊਦ ਨੇ ਅਹਮਦੀਆ ਹਾਸਪਿਟਲ ਲਾਹੌਰ ਵਿਚ ਇਸਲਾਮ ਦੀ ਆਰਥਕ ਵਿਵਸਥਾ ਉਪੱਰ ਇਕ ਸ਼ਾਨਦਾਰ ਭਾਸ਼ਣ ਦਿਤੱਾ । ਭਾਸ਼ਣ ਦੇ ਬਾਦ ਜਲਸੇ ਦੇ ਪ੍ਰਧਾਨ ਲਾਲਾ ਰਾਮਚੰਦ ਸਾਹਬ ਨੇ ਇਕ ਸੰਖੇਪ ਜਿਹਾ ਭਾਸ਼ਣ ਦਿਤੱਾ ਜਿਸ ਵਿੱਚ ਉਹਨਾਂ ਨੇ ਕਿਹਾ ਕਿ ਮੈਂ ਆਪਣੇ ਆਪਨੂੰ ਬਹੁਤ ਖ਼ੁਸ਼ਕਿਸਮਤ ਸਮਝਦਾ ਹਾਂ ਕਿ ਮੈਂਨੂੰ ਅਜਿਹਾ ਬਹੁਮੁੱਲ ਭਾਸ਼ਣ ਸੁਣਨ ਦਾ ਮੌਕਾ ਮਿਲਿਆ ਹੈ । ਜੋ ਭਾਸ਼ਣ ਇਸ ਸਮੇਂ ਆਪ ਲੋਕਾਂ ਨੇ ਸੁਣਿਆਂ ਹੈ ਇਸ ਵਿੱਚ ਅਤਿਅੰਤ ਬਹੁਮੁੱਲ ਅਤੇ ਨਵੀਆਂ ਨਵੀਆਂ ਗਲੱਾਂ ਹਜ਼ੂਰ ਨੇ ਵਰਨਣ ਕੀਤੀਆਂ ਹਨ । ਮੈਂਨੂੰ ਇਸ ਭਾਸ਼ਣ ਨਾਲ ਬਹੁਤ ਲਾਭ ਹੋਇਆ ਹੈ ਅਤੇ ਮੈਂ ਸਮਝਦਾ ਹਾਂ ਕਿ ਅਪ ਲੋਕਾਂ ਨੂੰ ਵੀ ਇਹਨਾ ਬਹੁਮੁਲੱ ਜਾਣਕਾਰੀ ਨਾਲ ਬਹੁਤ ਲਾਭ ਚੁੱਕਿਆ ਹੋਵੇਗਾ । ਮੈਂ ਆਪਣੇ ਵੱਲੋਂ ਅਤੇ ਆਪ ਸਾਰਿਆਂ ਵੱਲੋਂ ਹਜ਼ਰਤ ਇਮਾਮ ਜਮਾਤ ਅਹਮਦੀਆ ਦਾ ਵਾਰ ਵਾਰ ਲੱਖ ਲੱਖ ਸ਼ੁਕਰਾਨਾ ਕਰਦਾ ਹਾਂ ਕਿ ਉਹਨਾਂ ਨੇ ਆਪਣੀ ਅਤਿਅੰਤ ਹੀ ਬਹੁਮੁੱਲ ਜਾਣਕਾਰੀਆਂ ਨਾਲ ਭਰਪੂਰ ਭਾਸ਼ਣ ਨਾਲ ਸਾਨੂੰ ਲਾਹੇਵੰਦ ਕੀਤਾ ਹੈ ।

ਜਨਾਬ ਅਖ਼ਤਰ ਉਰੈਨਵੀ ਸਾਹਬ ਐਮ.ਏ. ਪ੍ਰਧਾਨ ਉਰਦੂ ਵਿਭਾਗ ਪਟਨਾ ਯੂਨੀਵਰਸਿਟੀ ਕਹਿੰਦੇ ਹਨ ਕਿ ਮੈਂ ਇਕ ਮਗਰੋਂ ਇਕ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਦੀ 'ਤਫ਼ਸੀਰੇ ਕਬੀਰ' ਦੀਆਂ ਕੁਝ ਜਿਲਦਾਂ ਪ੍ਰੋਫ਼ੈਸਰ ਅਬਦੁਲ ਮਨਾਨ ਬੇਦਿਲ ਸਾਬਕਾ ਪ੍ਰਧਾਨ ਫ਼ਾਰਸੀ ਵਿਭਾਗ ਪਟਨਾ ਕਾਲਜ ਦੀ ਸੇਵਾ ਵਿੱਚ ਪੇਸ਼ ਕੀਤੀਆਂ ਅਤੇ ਉਹ ਇਹਨਾ ਤਫ਼ਸੀਰਾਂ ਨੂੰ ਪੜ੍ਹਕੇ ਐਨ੍ਹੇ ਪ੍ਰਭਾਵਤ ਹੋਏ ਕਿ ਉਹਨਾਂ ਨੇ ਮਦਰਸਾ ਅਰਬੀਅਹ ਸ਼ਮਸੁਲ ਹੁਦਾ ਪਟਨਾ ਦੇ ਸ਼ਿਯੂਖ਼ ਨੂੰ ਵੀ ਤਫ਼ਸੀਰ ਦੀਆਂ ਕੁਝ ਜਿਲਦਾਂ ਪੜ੍ਹਨ ਲਈ ਦਿੱਤੀਆਂ ਅਤੇ ਇਕ ਦਿਨ ਕਈ ਸ਼ਿਯੂਖਾਂ ਨੂੰ ਬੁਲਾ ਕੇ ਉਹਨਾਂ ਨੇ ਇਹਨਾਂ ਦੇ ਵਿਚਾਰ ਪੁੱਛੇ । ਇਕ ਨੇ ਕਿਹਾ ਕਿ ਫ਼ਾਰਸੀ ਤਫ਼ਸੀਰਾਂ ਵਿੱਚ ਅਜਿਹੀ ਤਫ਼ਸੀਰ ਨਹੀਂ ਮਿਲਦੀ । ਪ੍ਰੋਫ਼ੈਸਰ ਅਬਦੁਲ ਮਨਾਨ ਸਾਹਬ ਨੇ ਪੁੱਛਿਆ ਕਿ ਅਰਬੀ ਤਫ਼ਸੀਰਾਂ ਬਾਰੇ ਕੀ ਵਿਚਾਰ ਹੈ । ਸ਼ਿਯੂਖ਼ ਚੁੱਪ ਰਹੇ । ਕੁਝ ਦੇਰ ਬਾਦ ਉਹਨਾਂ ਵਿੱਚੋਂ ਇਕ ਨੇ ਕਿਹਾ ਕਿ ਪਟਨਾ ਵਿੱਚ ਸਾਰੀਆਂ ਅਰਬੀ ਤਫ਼ਸੀਰਾਂ ਮਿਲਦੀਆਂ ਨਹੀਂ

ਹਨ ਮਿਸਰ ਤੇ ਸ਼ਾਮ ਦੀਆਂ ਸਾਰੀਆਂ ਤਫ਼ਸੀਰਾਂ ਦੇ ਅਧਿਐਨ ਦੇ ਬਾਦ ਹੀ ਸਹੀ ਰਾਏ ਕਾਇਮ ਕੀਤੀ ਜਾ ਸਕਦੀ ਹੈ । ਪ੍ਰੋਫ਼ੈਸਰ ਸਾਹਬ ਨੇ ਪੁਰਾਤਨ ਅਰਬੀ ਤਫ਼ਸੀਰਾਂ ਦੀ ਚਰਚਾ ਅਰੰਭ ਕੀਤੀ ਅਤੇ ਫ਼ਰਮਾਇਆ ਕਿ ਮਿਰਜ਼ਾ ਮਹਮੂਦ ਦੀ ਤਫ਼ਸੀਰ ਦੇ ਟਕੱਰ ਦੀ ਇਕ ਤਫ਼ਸੀਰ ਵੀ ਕਿਸੇ ਭਾਸ਼ਾ ਵਿੱਚ ਨਹੀਂ ਮਿਲਦੀ । ਆਪ ਨਵੀਆਂ ਤਫ਼ਸੀਰਾਂ ਵੀ ਮਿਸਰ ਤੇ ਸ਼ਾਮ ਤੋਂ ਮੰਗਵਾ ਲਓ ਅਤੇ ਕੁਝ ਮਹੀਨਿਆਂ ਬਾਦ ਮੇਰੇ ਨਾਲ ਗੱਲ ਕਰੋ । ਅਰਬੀ ਤੇ ਫ਼ਾਰਸੀ ਦੇ ਓਲਮਾ (ਵਿਦਵਾਨ) ਵੀ ਹੈਰਾਨ ਰਹਿ ਗਏ ।

ਇਕ ਸਪਤਾਹਕ ਅਖ਼ਬਾਰ ਦੇ ਐਡੀਟਰ ਲਾਲਾ ਕਰਮਚੰਦ ਕੁਝ ਪਤੱਰ ਪ੍ਰੇਰਕਾਂ ਨਾਲ ਕਾਦੀਆਂ ਗਏ ਅਤੇ ਹਜ਼ੂਰ ਰਜ਼ੀ ਅਲੱਾਹ ਅਨਹੁ ਤੋਂ ਬਹੁਤ ਪ੍ਰਭਾਵਤ ਹੋਕੇ ਵਾਪਸ ਆਏ ਅਤੇ ਆਪਣੀ ਅਖ਼ਬਾਰ ਵਿੱਚ ਉਹਨਾਂ ਬਾਰੇ ਲੇਖ ਵੀ ਲਿਖੇ । ਉਹਨਾਂ ਦਾ ਕਹਿਣਾ ਸੀ ਕਿ ਅਸੀਂ ਤਾਂ ਜ਼ਫ਼ਰੁਲੱਾਹ ਖਾਂਨ ਨੂੰ ਵਡੱਾ ਆਦਮੀ ਸਮਝਦੇ ਸੀ, ਪਰ ਬਸ਼ੀਰੁੱਦੀਨ ਮਹਮੂਦ ਦੇ ਸਾਹਮਣੇ ਉਸਦੀ ਯੋਗਤਾ ਵਿਦਿਆਰਥੀ ਦੀ ਹੈ ਉਹ ਹਰ ਮਾਮਲੇ ਵਿੱਚ ਉਹਨਾਂ ਤੋਂ ਬਿਹਤਰ ਰਾਏ ਰਖੱਦੇ ਹਨ ਅਤੇ ਚੰਗੀਆਂ ਦਲੀਲਾਂ ਪੇਸ਼ ਕਰਦੇ ਹਨ । ਇਹਨਾਂ ਵਿੱਚ ਅਥਾਹ ਵਿਵਸਥਾ ਦੀਆਂ ਯੋਗਤਾਵਾਂ ਹਨ ਅਜਿਹਾ ਵਿਅਕਤੀ ਬਹੁਤ ਆਸਾਨੀ ਨਾਲ ਕਿਸੇ ਰਾਜ ਨੂੰ ਉਚਾਈ ਤੱਕ ਲੈ ਜਾ ਸਕਦਾ ਹੈ ।

ਇਕ ਵਿਦਵਾਨ ਮਿਤੱਰ ਬਜ਼ੁਰਗ ਜਲਸਾ ਕਾਦੀਆਂ ਵਿੱਚ ਸ਼ਾਮਲ ਹੋਏ । ਉਹਨਾਂ ਨੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਅਤੇ ਆਪ ਦੇ ਪੈਰੋਕਾਰਾਂ ਬਾਰੇ ਆਪਣੇ ਅਨੁਭਵ ਬਿਆਨ ਕੀਤੇ । ਕਹਿੰਦੇ ਹਨ ਮੈਂ ਇਕ ਹੋਰ ਗੱਲ ਜਿਸ ਨੂੰ ਗ਼ੌਰ ਨਾਲ ਦੇਖਿਆ ਉਹ ਇਹ ਸੀ ਕਿ ਸਾਰਾ ਗਿਰੋਹ, ਸਾਰਾ ਸਿਲਸਿਲਾ, ਸਾਰਾ ਇਕੱਠ, ਸਾਰੀ ਜਮਾਤ ਉਸ ਪਾਕ ਵੁਜੂਦ ਖ਼ਲੀਫ਼ਾ ਦੀ ਇਕ ਛੋਟੀ ਉਂਗਲੀ ਦੇ ਇਸ਼ਾਰੇ'ਤੇ ਚਲ ਰਿਹਾ ਸੀ । ਹਜ਼ਰਤ ਇਮਾਮ ਜਮਾਤ ਅਹਮਦੀਆ ਬਾਰੇ ਇਸ ਸਿੱਟੇ'ਤੇ ਪਹੁੰਚਿਆ ਕਿ ਇਹ ਵਿਅਕਤੀ ਕਲਮ ਦੀ ਧਨੀ ਵੀ ਹੈ ਭਾਸ਼ਣ ਦਾ ਉਤੱਮ ਦਰਜੇ ਦਾ ਮਾਲਕ ਵੀ ਹੈ ਅਤੇ ਤੰਜ਼ੀਮ ਦਾ ਉਤੱਮ ਦਰਜੇ ਦਾ ਗਵਰਨਰ ਵੀ ਹੈ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਆਪਣਿਆਂ ਤੇ ਗ਼ੈਰਾਂ ਦੇ ਹਜ਼ਰਤ ਮੁਸਲਿਹ ਮੌਊਦ ਬਾਰੇ ਇਹ ਵਿਚਾਰ ਹਨ । ਪੇਸ਼ਗੋਈ ਦੀ ਸਚੱਾਈ ਦਾ ਇਹ ਸਭ ਤੋਂ ਖੁਲੱਾ ਪ੍ਰਕਟਨ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ ਅੱਜਕਲ ਜੋ ਜਲਸੇ ਹੋ ਰਹੇ ਹਨ ਇਹਨਾਂ ਵਿੱਚ ਪੇਸ਼ਗੋਈ ਦੀ ਚਰਚਾ ਅਤੇ ਆਪ ਦੇ ਕਾਰਜਾਂ ਦੀਆਂ ਗੱਲਾਂ ਸੁਣਕੇ ਜਿੱਥੇ ਸਾਨੂੰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਦਰਜਾਤ ਵਧੱਦੇ ਚਲੇ ਜਾਣ ਲਈ ਦੁਆਵਾਂ ਕਰਨੀਆਂ ਚਾਹੀਦੀਆਂ ਹਨ ਓਥੇ ਆਪਣੀਆਂ ਹਾਲਤਾਂ ਦਾ ਜਾਇਜ਼ੇ ਵੀ ਲੈਂਣੇ ਚਾਹੀਦੇ ਹਨ ਕਿ ਅਹਮਦੀਅਤ ਦੀ ਤਰੱਕੀ ਲਈ ਇਕ ਨਿਸ਼ਚੇ ਨਾਲ ਹਰ ਜਮਾਤ ਦੇ ਵਿਅਕਤੀ ਨੂੰ ਆਪਣੀਆਂ ਸਾਰੀਆਂ ਯੋਗਤਾਵਾਂ ਨੂੰ ਨਿਖਾਰਣ ਅਤੇ ਵਰਤੋਂ ਕਰਨ ਦੀ ਲੋੜ ਹੈ । ਜੇਕਰ ਅਸੀਂ ਇਹ ਕਰਾਂਗੇ ਤਾਂ ਅਸੀਂ ਅਹਮਦੀਅਤ ਦੀ ਤਰੱਕੀ ਨੂੰ ਆਪਣੇ ਜੀਵਨ ਵਿੱਚ ਹੀ ਪਹਿਲਾਂ ਤੋਂ ਵਧੱਕੇ ਪੂਰਾ ਹੁੰਦਿਆਂ ਦੇਖਾਂਗੇ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।


**Khulasa Khutba Jumma 23.02.2018**

Delivered By : Hadhrat Khalifatul Masih Vth (atba)

Summarized by : Majlis Ansarullah Bharat

Tarnslated by : Shamshad Ahmad Eden, from Punjabi Desk

From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131